**Shikshan Sanshodhan : Journal of Arts, Humanities and Social Sciences** ISSN(o): 2581-6241
Monthly, Peer-Reviewed, Refereed, Indexed Journal Impact Factor: 6.471
Volume - 6, Issue - 7, July - 2023 Publication Date: 15/07/2023

DOIs:10.2018/SS/202307009 --:-- Research Paper / Article / Review

# ਅਜਮੇਰ ਸਿੰਘ ਔਲਖ ਦੇ ਤਰਕਸ਼ੀਲ ਨਾਟਕਾਂ ਦਾ ਅਧਿਐਨ

**ਕੰਵਲਜੀਤ ਕੌਰ**
**ਖੋਜਾਰਥੀ**
**ਗੁਰੂ ਕਾਸ਼ੀ ਯੂਨੀਵਰਸਿਟੀ**
**ਤਲਵੰਡੀ ਸਾਬੋ (ਬਠਿੰਡਾ)**

**ਡਾ. ਗੁਰਪ੍ਰੀਤ ਕੌਰ**
**ਐਸੋਸੀਏਟ ਪ੍ਰੋਫ਼ੈਸਰ**
**ਗੁਰੂ ਕਾਸ਼ੀ ਯੂਨੀਵਰਸਿਟੀ**
**ਤਲਵੰਡੀ ਸਾਬੋ (ਬਠਿੰਡਾ)**

ਅਜਮੇਰ ਸਿੰਘ ਮਾਨਵਵਾਦੀ ਪਹੁੰਚ ਵਾਲਾ ਲੋਕਾਂ ਦਾ ਨਾਟਕਕਾਰ ਹੈ। ਇਸ ਕਰਕੇ ਉਸਨੇ ਲੋਕ-ਪੱਖੀ ਥੀਏਟਰ ਦੀ ਰੀਤ ਨੂੰ ਅੱਗੇ ਤੋਰਿਆ ਹੈ। ਉਸ ਦੇ ਨਾਟਕਾਂ ਦੇ ਵਿਸ਼ੇ ਨਿਮਨ ਕਿਸਾਨੀ ਵਰਗ ਦੇ ਹਨ। ਇਤਿਹਾਸ ਤੇ ਮਿਥਿਹਾਸ ਨੂੰ ਵਰਤਮਾਨ ਨਾਲ ਜੋੜ ਕੇ ਵੀ ਨਾਟ ਰਚਨਾ ਕਰਦਾ ਹੈ।

ਔਲਖ ਯਥਾਰਥਵਾਦੀ ਨਾਟਕਕਾਰ ਹੈ ਪਰ ਉਸ ਨੂੰ ਹੋਰ ਬਹੁਤ ਸਾਰੇ ਤਖੱਲਸਾਂ ਬੁਲਾਇਆ ਜਾਂਦਾ ਹੈ। ਦੇਸੀ ਘਿਓ ਵਰਗਾ ਨਾਟਕਕਾਰ, ਲੋਕ-ਪੱਖੀ ਨਾਟਕਕਾਰ, ਆਂਚਲਿਕ ਨਾਟਕਕਾਰ, ਯਥਾਰਥਵਾਦੀ ਨਾਟਕਕਾਰ, ਮਾਲਵੇ ਦਾ ਨਾਟਕਕਾਰ, ਕਿਸਾਨੀ ਦਾ ਨਾਟਕਕਾਰ ਆਦਿ।

ਪੰਜਾਬੀ ਸਮਾਜ ਵਿੱਚ 'ਬਲੀ ਪ੍ਰਥਾ' ਤੇ ਅੰਧ ਵਿਸ਼ਵਾਸ਼ ਨੂੰ ਪੇਸ਼ ਕਰਦਾ ਨਾਟਕ ਹੈ 'ਸੁੱਕੀ ਕੁੱਖ'। ਔਰਤ ਮਾਂ ਬਣ ਕੇ ਆਪਣੇ ਆਪ ਨੂੰ ਸੰਪੂਰਨ ਸਮਝਦੀ ਹੈ। ਔਰਤ ਦੇ ਬੱਚਾ ਨਾ ਹੋਣਾ ਉਹ ਸਮਾਜ ਲਈ ਸਭ ਤੋਂ ਵੱਡੀ ਲਾਹਨਤ ਹੈ। ਸਮਾਜ ਨਾ ਉਸ ਨੂੰ ਜਿਉਣ ਦਿੰਦਾ ਹੈ ਅਤੇ ਨਾ ਮਾਰਨ ਜੋਗਾ ਛੱਡਦਾ ਹੈ। ਇਹੋ ਹੋਣੀ ਨਾਟਕ 'ਸੁੱਕੀ ਕੁੱਖ' ਦੀ ਮੁੱਖ ਪਾਤਰ 'ਧੰਨੋ' ਹੰਢਾ ਰਹੀ ਹੈ। ਧੰਨੋਂ ਆਪਣੇ ਕੁੱਖ ਤੋਂ ਦੁਖੀ ਹੈ। ਉਹ ਹਰ ਪਲ ਹਰ ਘੜੀ ਕੁੱਖ ਹਰੀ ਹੋਣ ਦੀ ਆਸ ਵਿੱਚ ਹੈ। ਇਸੇ ਆਸ ਵਿੱਚ ਸਾਧਾਂ ਸਿਆਣਿਆਂ ਦੇ ਡੇਰਿਆਂ ਨਤਮਸਤਕ ਹੁੰਦੀ ਹੈ। ਪੁੱਤ ਪ੍ਰਾਪਤੀ ਦੀ ਤਾਂਘ ਉਸ ਨੂੰ ਕਿਸੇ ਦੇ ਪੁੱਤ ਦੀ ਬਲੀ ਤੱਕ ਲੈ ਜਾਂਦੀ ਹੈ। ਆਂਢ-ਗੁਆਂਢ ਦੇ ਬੱਚਿਆਂ ਨੂੰ ਮਾਂ ਵਰਗਾ ਪਿਆਰ ਦੇਣ ਵਾਲੀ, ਮਮਤਾ ਨਾਲ ਭਰੀ ਔਰਤ ਬਲੀ ਤੱਕ ਪੁੱਜ ਜਾਂਦੀ ਹੈ। ਏਸ ਘਟੀਆ ਕੰਮ ਪਿਛੇ ਉਸਦੇ ਘਰ ਵਾਲੇ ਦੇ ਘਟੀਆ ਬੋਲ ਕੁਬੋਲ 'ਫੰਡਰ ਤੀਵੀਂ ਬਾਂਝ, ਔਰਤਾਂ ਵੱਲੋਂ 'ਔਤੀ ਨਪੁੱਤੀ' ਤੀਰ ਵਰਗੇ ਸ਼ਬਦ ਧੰਨੋ ਦਾ ਕਾਲਜਾ ਹਰ ਰੋਜ਼ ਚੀਰਦੇ ਸਨ। ਧੰਨੋ ਹਰ ਰੋਜ਼ ਤਿਲ- ਤਿਲ ਮਰਦੀ ਸੀ।

ਧੰਨੋ ਪਤੀ ਵਰਤਾ ਵਾਲੀ ਔਰਤ ਹੈ। ਲੋਕਾਂ ਦੇ ਬੱਚਿਆਂ ਨੂੰ ਅੰਤਾਂ ਦਾ ਮੋਹ ਕਰਦੀ ਹੈ। ਪਰ ਬੇ-ਔਲਾਦ ਵਾਲਾ ਸਦਮਾ ਉਸ ਨੂੰ ਉਨ੍ਹਾਂ ਤੰਗ ਨਹੀਂ ਕਰਦਾ ਜਿੰਨਾਂ ਪਤੀ ਤੇ ਲੋਕਾਂ ਦੇ ਤਾਨੇ ਕਰਦੇ ਹਨ। ਧੰਨੋ ਵਿੱਚ ਅੰਤਾਂ ਦੇ ਗੁਣ ਹਨ ਪਰ ਉਸ ਦਾ ਬੇ-ਔਲਾਦ ਹੋਣਾ ਉਸ ਦੇ ਸਾਰੇ ਗੁਣਾਂ ਨੂੰ ਦੱਬ ਲੈਂਦਾ ਹੈ। ਔਲਾਦ ਪ੍ਰਾਪਤੀ ਲਈ ਓਹੋ ਹਰ ਹੱਦ ਪਾਰ ਕਰਨ ਬਾਰੇ ਸੋਚਦੀ ਹੈ। ਪਰਾਏ ਮਰਦਾਂ ਨਾਲ ਸਬੰਧ ਬਣਾਉਣ ਬਾਰੇ, ਜਾਦੂ-ਟੂਣੇ ਕਰਨ ਤੇ ਬੇਗਾਨੇ ਬੱਚਿਆਂ ਦੀ ਬਲੀ ਦੇਣ ਦੇ ਕੁਕਰਮ ਕਰਨ ਤੱਕ ਜਾਂਦੀ ਹੈ।

ਇਨ੍ਹਾਂ ਕਸ਼ਟਾਂ ਵਿੱਚ ਘਿਰਿਆ ਮਨੁੱਖ ਤੀਲੇ ਤੋਂ ਵੀ ਸਹਾਰਾ ਲੈਣ ਦੀ ਕੋਸ਼ਿਸ਼ ਕਰਦਾ ਹੈ। ਧੰਨੋ ਦੀ ਇਹੋ ਹਾਲਤ ਹੈ ਉਹ ਹਰ ਥਾਂ ਹਰ ਬੰਦੇ ਚੰਗੇ-ਮੰਦੇ ਬੰਦੇ ਤੋਂ ਸਹਾਰਾ ਭਾਲਦੀ ਹੈ। ਨਾਟਕ ਦੇ ਇਸ ਦ੍ਰਿਸ਼ ਵਿਚੋਂ ਜਦੋਂ ਸਾਧ ਆਉਂਦਾ ਹੈ ਤਾਂ ਉਹ ਉਸ ਦੀ ਹਰ ਗੱਲ ਨੂੰ ਧਿਆਨ ਨਾਲ ਸੁਣਦੀ ਹੈ;

> "ਨਾਲ ਪੁੱਤਾਂ ਦੇ ਜੱਗ ਚ ਸੀਰ ਪੈਂਦਾ
> ਹੋਣ ਮਾਪੇ ਤਾਂ ਸਿਰਾਂ ਤੇ ਛਾਂ ਹੁੰਦੀ।
> ਨਾਲ ਲਾਦ ਦੇ ਤੀਵੀਂ ਦੀ ਕਦਰ ਪੈਂਦੀ

ਬਿਨਾ ਲਾਦ ਨਾ ਘਰ ਵਿੱਚ ਥਾਂ ਹੁੰਦੀ।

ਧੀਆਂ-ਪੁੱਤ ਨੇ ਵਿਹੜੇ ਦੇ ਫੁੱਲ ਲੋਕੋ

ਜਿੱਥੇ ਇਹ ਨਾ ਹੁੰਦੇ, ਭਾਂ-ਭਾਂ ਹੁੰਦੀ।"[1]

ਜਦੋਂ ਸਾਧੂ ਦੇ ਬੋਲ 'ਨਾਲ ਪੁੱਤਾਂ ਦੇ ਜੱਗ 'ਚ ਸੀਰ ਪੈਂਦਾ' ਕੰਨੀ ਪੈਂਦੇ ਹਨ ਤਾਂ ਉਸਦੇ ਮਨ ਵਿੱਚ ਧੀ ਤੇ ਪੁੱਤ ਦਾ ਵਖਰੇਵਾਂ ਸ਼ੁਰੂ ਹੋ ਜਾਂਦਾ ਹੈ ਕਿ ਪੁੱਤਾਂ ਨਾਲ ਹੀ ਸਮਾਜ ਵਿੱਚ ਸਾਂਝ ਪੈਂਦੀ ਹੈ। ਜਦੋਂ ਸਾਧ ਕਹਿੰਦਾ ਕੇ 'ਲਾਦ ਨਾਲ ਹੀ ਘਰ ਵਿਚ ਔਰਤ ਦੀ ਕਦਰ ਹੁੰਦੀ ਹੈ ਤਾਂ ਧੰਨੋ ਨੂੰ ਹਰ ਰੋਜ਼ ਸ਼ਰਾਬ ਪੀ ਕੇ ਕੁਟੱਦਾ ਉਸਦਾ ਘਰਵਾਲਾ ਉਸਦੇ ਜ਼ਿਹਨ ਵਿਚ ਘੁੰਮਣ ਲੱਗ ਜਾਂਦਾ ਹੈ। ਜੋ ਉਹਨੂੰ ਹਰ ਰੋਜ਼ ਕੁੱਟ ਕੇ ਆਖਦਾ ਨਿਕਲ ਜਾ ਮੇਰੇ ਘਰੋਂ ਤਾਂ ਸਾਧੂ ਦੇ ਬੋਲ ਘਰ ਵਿੱਚ ਥਾਂ ਹੁੰਦੀ ਉਸ ਦੇ ਧੁਰ ਅੰਦਰ ਤੱਕ ਲਹਿ ਜਾਂਦੇ ਹਨ। ਜਿਹੜਾ ਘਰ ਉਸ ਨੂੰ ਵੱਢ ਵੱਢ ਖਾਣ ਨੂੰ ਆਉਂਦਾ ਤਾਂ ਸਾਧੂ ਦੇ ਬੋਲ ਓਸਨੂੰ ਹੋਰ ਸੱਚ ਲੱਗਦੇ ਕਿ ਬੱਚੇ ਵਿਹੜੇ ਦੇ ਫੁੱਲ ਹੁੰਦੇ ਹਨ ਉਨ੍ਹਾਂ ਬਿਨਾਂ ਘਰ ਭਾਂ-ਭਾਂ ਕਰਦਾ ਹੈ।

ਸਾਧੂ ਦੇ ਬੋਲ ਧੰਨੋ ਦੇ ਮਨ ਨੂੰ ਹੋਰ ਭਟਕਾ ਜਾਂਦੇ ਹਨ। ਉਹ ਕਿਸੇ ਆਸ਼ੀਰਵਾਦ ਦੀ ਆਸ ਨਾਲ ਸਾਧੂ ਨੂੰ ਆਟੇ ਦੀ ਖੈਰ ਪਾਉਂਦੀ ਹੈ ਤਾਂ ਉਹ ਸਾਧੂ ਢੇਰ-ਢੇਰ ਅਸੀਸਾਂ ਦਿੰਦਾ ਹੈ ਤੇ ਇਹ ਸਾਰਾ ਵਰਤਾਰਾ ਧੰਨੋ ਨੂੰ ਕਿਸੇ ਸਾਧ ਸੰਤ ਕੋਲ ਜਾਣ ਲਈ ਉਕਸਾਉਂਦਾ ਹੈ।

ਪਖੰਡੀ ਸਾਧ ਸੰਤਾਂ ਨੇ ਆਪਣੇ ਪਖੰਡਾਂ ਨੂੰ ਬੜਾਵਾ ਦੇਣ ਲਈ ਪਿੰਡਾਂ ਵਿਚ ਆਪਣੇ ਏਜੰਟ ਛੱਡੇ ਹੁੰਦੇ ਹਨ ਜੋ ਇਨ੍ਹਾਂ ਦੁਖੀ ਤੇ ਭਟਕੇ ਹੋਏ ਲੋਕਾਂ ਨੂੰ ਸਾਧਾਂ ਦੇ ਠਿਕਾਣਿਆਂ ਵੱਲ ਲੈ ਕੇ ਆਉਂਦੇ ਹਨ। ਇਸੇ ਤਰ੍ਹਾਂ ਇਸ ਨਾਟਕ ਵਿੱਚ 'ਭੂਆ' ਵੀ ਇਕ ਇਹੋ ਜਿਹੀ ਹੀ ਪਾਤਰ ਹੈ ਜੋ ਧੰਨੋ ਨੂੰ ਸਾਧ ਦੀ ਮਹਿਮਾਂ ਦੱਸ ਕੇ ਉਸ ਡੇਰੇ ਪਹੁੰਚਾ ਕੇ, ਸਾਧ ਦੇ ਚੱਕਰਵਿਊ ਵਿਚ ਫਸਾ ਦਿੰਦੀ ਹੈ।

ਉਹ ਸਾਧ ਧੰਨੋ ਨੂੰ ਪੁੱਤਰ ਪ੍ਰਾਪਤੀ ਲਈ ਹਰ ਕੰਡਿਆਂ ਵਾਲੇ ਰਾਹ ਤੋਂ ਲੰਘਣ ਲਈ ਆਖਦਾ ਹੈ। ਧੰਨੋ ਪੁੱਤ ਪ੍ਰਾਪਤੀ ਲਈ ਅੱਗ ਦੇ ਰਾਹ ਤੋਂ ਲੰਘਣ ਲਈ ਵੀ ਤਿਆਰ ਹੋ ਜਾਂਦੀ ਹੈ। ਜਦੋਂ ਸਿਆਣਾ (ਸਾਧ) ਉਸਨੂੰ ਕਹਿੰਦਾ ਹੈ;

ਸਿਆਣਾ: ਬਾਲਕ ਪਾਉਣਾ ਹੈ ਤਾਂ ਕਿਸੀ ਕੇ ਬਾਲਕ ਕੀ ਆਵਸ਼ਕਤਾ ਹੈ। ਬੋਲੋ ਕਰ ਸਕੋਗੀ ਜੇ ਕਠਿਨ ਤਪੱਛਿਆ?"[2]

ਇਹਨਾਂ ਕਾਤਲਾਂ ਉੱਪਰ ਕਿਸੇ ਵੀ ਤਰ੍ਹਾਂ ਦੀ ਕੋਈ ਪਾਬੰਦੀ ਨਹੀਂ ਨਾ ਹੀ ਕੋਈ ਅਦਾਲਤਾਂ ਇਹਨਾਂ ਦਾ ਨੋਟਿਸ ਲੈਂਦੀ ਹੈ।

ਅਜਮੇਰ ਸਿੰਘ ਔਲਖ ਨੇ ਇਸ ਦ੍ਰਿਸ਼ ਨੂੰ ਬਹੁਤ ਹੀ ਕਲਾਤਮਕ ਰੂਪ ਵਿਚ ਸਿਰਜਿਆ ਹੈ। ਬਾਹਰੀ ਆਵਾਜ਼ਾਂ ਦੀ ਜੁਗਤ ਨਾਲ ਧੰਨੋ ਦੇ ਪਾਤਰ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾ ਕੇ ਨਾਟਕ ਦੇ ਕਲਾਈਮੈਕਸ ਨੂੰ ਬਹੁਤ ਉਪਰ ਤੱਕ ਲੈ ਗਿਆ। ਧੰਨੋ ਦੀ ਮਮਤਾ, ਧੰਨੋ ਦੀ ਇਨਸਾਨੀਅਤ ਜਿੱਤ ਜਾਂਦੀ ਹੈ। ਅੰਧ-ਵਿਸ਼ਵਾਸ ਹਾਰ ਜਾਂਦਾ ਹੈ। ਨਾਟਕਕਾਰ ਦੀ ਤਰਕਸ਼ੀਲ ਦ੍ਰਿਸ਼ਟੀ ਨਾਟਕ ਦਾ ਅੰਤ ਅਗਾਂਹ-ਵਧੂ ਕਰਦੀ ਹੈ। ਅੰਧ-ਵਿਸ਼ਵਾਸ ਦੇ ਸਿਰਜੇ ਜਾਲ ਨੂੰ ਧੰਨੋ ਲਾਹ ਦਿੰਦੀ ਹੈ। ਉਹ ਬਲੀ ਵਰਗੇ ਕੁਕਰਮ ਦੀ ਭਾਗੀ ਨਹੀਂ ਬਣਦੀ, ਉਹ ਟੱਲੀ ਨੂੰ ਜੱਫੀ ਪਾ ਕੇ ਧਾਹਾਂ ਮਾਰ ਕੇ ਰੋਂਦੀ ਹੈ।

ਇਸ ਤਰ੍ਹਾਂ ਅਜਮੇਰ ਸਿੰਘ ਔਲਖ ਦਾ ਅਗਲਾ ਵੱਡਾ ਨਾਟਕ ਹੈ 'ਚਾਨਣ ਦੇ ਵਣਜਾਰੇ' ਜੋ ਸੁਚੇਤ ਰੂਪ ਵਿੱਚ ਤਰਕਸ਼ੀਲ ਸੁਸਾਇਟੀ ਦੀ ਸੋਚ ਪ੍ਰਨਾਇਆ ਨਾਟਕ ਹੈ। ਤਰਕਸ਼ੀਲ ਲਹਿਰ ਦੀ ਉਚੇਚੀ ਮੰਗ ਤੇ ਇਸ ਨੂੰ ਲਿਖਿਆ ਗਿਆ ਜਿਸ ਦੀਆਂ ਮਾਸਟਰ ਤਰਲੋਚਨ ਨੇ ਕਮਾਲ ਦੀਆਂ ਪੇਸ਼ਕਾਰੀਆਂ ਕੀਤੀਆਂ ਹਨ। ਇਸ ਨਾਟਕ ਦਾ ਪਹਿਲਾ ਪੰਨਾ ਹੀ ਤਰਕਸ਼ੀਲ ਲਹਿਰ ਦੀ ਗਵਾਹੀ ਭਰਦਾ ਹੈ;

"ਚਾਨਣ ਦੇ ਵਣਜਾਰੇ (ਤਰਕਸ਼ੀਲ ਨਾਟਕ)"[3]

ਪੁਸਤਕ ਵਿਚ ਛਪੇ ਇਸ ਨਾਟਕ ਦੇ ਪਹਿਲੇ ਪੰਨੇ ਤੇ ਹੀ (ਤਰਕਸ਼ੀਲ ਨਾਟਕ) ਲਿਖਣਾ ਇਸ ਗੱਲ ਤੇ ਮੋਹਰ ਲਾਉਣਾ ਹੈ ਕਿ ਇਹ ਨਾਟਕ ਉਚੇਚੇ ਤੌਰ ਤੇ ਤਰਕਸ਼ੀਲ ਲਹਿਰ ਲਈ ਲਿਖਿਆ ਗਿਆ ਹੈ। ਨਾਟਕ ਦੀ ਕਹਾਣੀ ਇਕ +2 ਮੁਟਿਆਰ ਪਰਮਜੀਤ ਪੰਮੀ ਦੁਆਲੇ ਘੁੰਮਦੀ ਹੈ। ਕਹਾਣੀ ਪੰਮੀ ਦੇ ਪਹਿਲੇ ਸ਼ਬਦ ਨਾਲ ਸ਼ੁਰੂ ਹੁੰਦੀ ਹੈ:

"ਮੇਰੇ ਸੁਫਨਿਆਂ ਨੂੰ ਮਲੀਆ-ਮੇਟ ਕਰਨ ਵਾਲਿਓ। ਮੈਂ ਵੀ ਤੁਹਾਨੂੰ ਸਬਕ ਸਿਖਾ ਕੇ ਦੱਸ ਲਵਾਂਗੀ"[4]

ਸੂਤਰਧਾਰ ਨਾਟਕ ਨੂੰ ਅੱਗੇ ਤੋਰਦਾ ਹੈ। ਪੰਮੀ ਗੁਸੇ ਵਿੱਚ ਉਪਰੋਕਤ ਸ਼ਬਦ ਬੋਲ ਕੇ ਕਮਰੇ ਅੰਦਰ ਜਾਂਦੀ ਹੈ ਤੇ ਅੰਦਰ ਜਾ ਕੇ ਚੀਖ ਮਾਰ ਕੇ ਬੇਹੋਸ਼ ਹੋ ਕੇ ਡਿੱਗ ਪੈਂਦੀ ਹੈ। ਜਿੱਥੋਂ ਨਾਟਕ ਦੀ ਪਹਿਲੀ ਘਟਨਾ ਸ਼ੁਰੂ ਹੋ ਜਾਂਦੀ ਹੈ। ਫੇਰ ਪੰਮੀ ਦੇ ਕੱਪੜਿਆਂ ਨੂੰ ਅੱਗ ਲੱਗ ਜਾਂਦੀ ਹੈ।

"ਪੰਮੀ : (ਰੋਂਦੀ-ਰੋਂਦੀ ਦੱਸਦੀ) ਮੈਨੂੰ ਕੀ ਪਤਾ ਕਿਵੇਂ ਮਚ ਗਿਆ ਜਦੋਂ ਮੈਂ ਟਰੰਕ ਵਿੱਚ ਆਪਣੀ ਚੁੰਨੀ ਕੱਢਣ ਲਈ ਟਰੰਕ ਖੋਲੀਆਂ ਤਾਂ ਸਭ ਤੋਂ ਥੱਲੇ ਪਏ ਇਸ ਸੂਟ ਵਿੱਚੋ ਧੂੰਆਂ ਨਿਕਲ਼ੀ ਜਾਵੇ। ਮੈਂ ਛੇਤੀ ਦੇਣੇ ਬਾਹਰ ਕੱਢ ਕੇ ਮਸਾਂ ਅੱਗ ਬਝਾਈ ਪੈਰਾਂ ਹੇਠ ਮਸਲ-ਮਸਲ ਕੇ। (ਫਿਰ ਰੋਂਦੀ) ਹਾਏ ਦਾਦੀ ਜੀ। ਹੁਣ ਆਪਾਂ ਨਵਾਂ ਸੂਟ ਕਿਵੇਂ ਲੈ ਕੇ ਆਵਾਂਗੇ? ਆਪਾਂ ਤਾਂ ਪਹਿਲਾਂ ਹੀ ਐਨੇ ਗਰੀਬ ਐਂ। ਆਪਣੇ ਘਰ ਦਾ ਤਾਂ ਪਹਿਲਾਂ ਹੀ ਨਹੀਂ ਤੋਰਾ ਤੁਰਦਾ। ਹਾਏ ਨੀ ਦਾਦੀ ਮਾਂ, ਆਪਾਂ ਐਨੇ ਗ਼ਰੀਬ ਕਿਉਂ ਹੁੈਐ? (ਉਤਾਂਹ ਵੱਲ ਮੂੰਹ ਕਰ ਕੇ ਅਵਾਜ਼ਾਂ ਮਾਰਦੀ) ਹਾਏ ਓਇ ਪਾਪਾ! ਹਾਏ ਨੀ ਮੇਰੀਏ ਮੰਮੀ ਏ!"[5]

ਜਦੋਂ ਆਢਣਾਂ-ਗੁਆਂਢਣਾਂ ਨੂੰ ਪਤਾ ਲੱਗਦਾ ਆਪਣੇ ਸੁਆਦ ਲੈਣ ਪੰਮੀ ਦੇ ਘਰ ਭੱਜੀਆਂ ਆਉਂਦੀਆਂ ਹਨ ਅਤੇ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਮਸਾਲੇ ਲਾ ਕੇ ਕਰਦੀਆਂ ਹਨ।

"ਧਰਵੰਤ : (ਪੂਰੇ ਵਿਸ਼ਵਾਸ਼ ਨਾਲ) ਹੀ ਭੂਤ ਈ ਐ (ਤਜਰਬੇ ਭਰੇ ਵਿਸ਼ਵਾਸ਼ ਨਾਲ) ਇਸ ਉਮਰ ਵਿੱਚ ਕੁੜੀਆਂ ਮਗਰ ਭੂਤ ਹੀ ਪੈਂਦੇ ਹੁੰਦੇ ਨੇ ਭੂਤਨੀਆਂ ਨਹੀਂ

ਗੁਰਬੰਤ : (ਜਿਵੇਂ ਕੋਈ ਪਿਛਲੀ ਗੱਲ ਯਾਦ ਆ ਗਈ ਹੋਵੇ ਅੰਦਰ ਸ਼ੰਕੇ ਜੇਹੇ ਨਾਲ) ਪਰ ਉਸ ਦਿਨ ਤਾਂ ਬੁੜ੍ਹੀ ਜਾਂਦੀ ਸੀ ਬਈ-ਕੋਈ ਭੂਤਣੀ ਭਾਤਣੀ?

ਧਨਵੰਤ : (ਉਤਸ਼ਾਹ ਭਰੀ ਉਤਸੁਕਤਾ ਨਾਲ ਕਾਹਲੀ ਵਿੱਚ ਉਹਦੀ ਬਾਂਹ ਫੜ ਕੇ ਪਿੱਛੇ ਨੂੰ ਲਿਜਾਂਦੀ) ਚੱਲ ਫੇਰ ਪਤਾ ਕਰੀਏ ਬਈ ਭੂਤ ਐ ਜਾਂ...[6]

ਇਹ ਪੰਜਾਬੀ ਸੱਭਿਆਚਾਰ ਵਿੱਚ ਵਿਚਰ ਰਹੇ ਲੋਕਾਂ ਦਾ ਸਭ ਤੋਂ ਘਟੀਆ ਪੱਖ ਹੈ ਚਰਿੱਤਰ ਦਾ ਕਿ ਕਿਸੇ ਦੀ ਧੀ ਭੈਣ ਨੂੰ ਸਮੱਸਿਆ ਵਿੱਚ ਘਿਰੀ ਨੂੰ ਦੇਖ ਕੇ ਚੁਸਕੀਆਂ ਲੈਣਾ। ਉਸ ਦੇ ਦੁੱਖ ਦਰਦ ਵਿਚ ਸ਼ਰੀਕ ਹੋਣ ਦੀ ਥਾਂ ਸ਼ੱਕ ਦੀ ਸੂਈ ਉਸ ਦੇ ਦੁਆਲੇ ਘੁੰਮਾਣੀ ਅਤੇ ਕੋਈ ਨਾ ਕੋਈ ਦੋਸ਼ ਲੱਭ ਕੇ ਚਾਰੇ ਪਾਸੇ ਡੌਂਡੀ ਪਿੱਟ ਦੇ ਵੇ ਅਤੇ ਨਾਲੋ-ਨਾਲ ਮੀਸਏ ਬਣ ਝੂਠੀ ਹਮਦਰਦੀ ਦਿਖਾਉਣੀ। ਜੋ ਕਿ ਧਨਵੰਤ ਅਤੇ ਗੁਰਵੰਤ ਕਰ ਰਹੀਆਂ ਹਨ।

ਘਰ ਵਿੱਚ ਕੱਪੜਿਆਂ ਨੂੰ ਅੱਗ ਲੱਗਣ ਤੋਂ 'ਬੱਬੀ' ਦੇ ਬਟੂਏ ਵਿੱਚ 2000 ਰੁ ਨੂੰ ਅੱਗ ਲੱਗ ਜਾਂਦੀ ਹੈ ਦੋ ਘਟਨਾਵਾਂ ਤੋਂ ਦੁਖੀ ਹੋ ਕੇ ਆਂਢਣਾਂ-ਗੁਆਂਢਣਾਂ ਦੇ ਕਹਿਣ ਤੇ ਦਾਦੀ ਇਕ ਪੰਡਤ ਕੋਲ ਜਾਂਦੀ ਹੈ ਤੇ ਪੰਡਤ ਘਰ ਆ ਕੇ ਹਨੂੰਮਾਨ ਚਾਲੀਸਾ ਦਾ ਪਾਠ ਕਰਕੇ 3000 ਰੁ. ਲੈ ਕੇ ਚਲਿਆ ਜਾਂਦਾ ਹੈ। ਇਥੋਂ ਹੀ ਇਸ ਘਰ ਦੀ ਲੁੱਟ ਹੋਣੀ ਸ਼ੁਰੂ ਹੁੰਦੀ ਹੈ ਦਾਦੀ ਡਾਕਟਰਾਂ ਕੋਲ ਜਾ ਮਨੋਰੋਗਾਂ ਦੇ ਡਾਕਟਰਾਂ ਕੋਲ ਜਾਣ ਦੀ ਥਾਂ ਪੰਡਤਾਂ ਦੇ ਦਰ ਤੇ ਦਸਤਕ ਦੇ ਦਿੰਦੀ ਹੈ। ਘਰ ਦਾ ਪੈਸਾ ਪਾਖੰਡੀ ਲੋਕਾਂ ਦੀ ਜੇਬ ਵਿਚ ਜਾਣਾ ਸ਼ੁਰੂ ਹੋ ਜਾਂਦਾ ਹੈ। ਸਾਧ ਪਖੰਡੀਆਂ ਦੀਆਂ ਏਜੰਟ ਗੁਰਬੰਤ ਤੇ ਧਨਵੰਤ ਦਾਦੀ ਨੂੰ ਗੁਮਰਾਹ ਕਰ ਕੇ ਸਾਧ ਦੇ ਡੇਰੇ ਲਈ ਉਕਸਾਉਂਦੀਆਂ ਹਨ।

ਧਨਵੰਤ : (ਉਹਦੀ ਗੱਲ ਨਾਲ ਸਹਿਮਤ ਨਾ ਹੁੰਦੀ) ਮਾਮੂਲੀ ਧਾਗਿਆਂ ਤਵੀਤਾਂ ਦੇ ਵੱਸ ਵਿੱਚ ਆਉਣ ਵਾਲੀ ਕਾਹਨੂੰ ਐ ਇਹ ਸ਼ੈ ਏ ਬੰਤੀਏ!................ ਇਹਨੂੰ ਤਾਂ ਕੋਈ ਤਗੜਾ ਸਿਆਣਾ ਈ ਹੱਥ ਪਾਉਣ ਦਾ ਹੀਆਂ ਕਰੂ ਬਲਕਪੁਰੀਏ ਬਾਬੇ ਬਲਕਾਰ ਦਾਸ ਵਰਗਾ। ਤੁਸੀਂ ਉਹਨੂੰ ਵਿਖਾਓ ਕੁੜੀ ਦੇਖਿਉ, ਜੇ ਮਿੰਟਾਂ-ਸਕਿੰਟਾਂ ਵਿਚ ਨਾ ਭੂਤ ਦੀਆਂ ਪਦੀੜਾਂ ਪਾਤੀਆਂ।"[7]

ਬਲਕਾਰ ਦਾਸ ਦੀਆਂ ਏਜੰਟ ਆਪਣੇ ਆਪ ਹੀ ਤਗੜੇ ਭੂਤ ਹੋਣ ਦੀ ਪੁਸ਼ਟੀ ਕਰਦੀਆਂ ਹਨ ਅਤੇ ਆਪ ਹੀ ਤਕੜੇ ਭੂਤ ਦਾ ਉਪਾਅ ਬਾਬੇ ਬਲਕਪੁਰੀਏ ਬਲਕਾਰ ਦਾਸ ਤੋਂ ਦੱਸਦੀਆਂ ਹਨ। ਉਨ੍ਹਾਂ ਨੂੰ ਪਤਾ ਹੈ ਕਿ ਪੰਮੀ ਮਾੜੇ-ਮੋਟੇ ਧਾਗੇ-ਤਵੀਤਾਂ (ਤਵੀਜ਼) ਨਾਲ ਠੀਕ ਹੋਣ ਵਾਲੀ ਨਹੀਂ ਸਗੋਂ ਉਸਦਾ ਹੱਲ ਤਾਂ ਮਿੰਟਾਂ ਸਕਿੰਟਾਂ ਵਿੱਚੋਂ ਬਾਬਾ ਬਲਕਾਰ ਦਾਸ ਹੀ ਕਰੂ। ਬਹੁਤ ਸਪਸ਼ਟਤਾ ਨਾਲ ਧਨਵੰਤ ਦਾਦੀ ਨੂੰ ਬਲਕਾਰ ਦਾਸ ਦੇ ਜਾਣ ਲਈ ਆਖਦੀ ਹੈ;

"ਧਨਵੰਤ : (ਜਿਵੇਂ ਆਪਣੀ ਸਕੀਮ ਨੇਪਰੇ ਚਾੜਨ ਦਾ ਮੌਕਾ ਮਿਲ ਗਿਆ ਹੋਵੇ ਸੁੱਖ ਦਾ ਸਾਹ ਲੈਂਦੀ, ਆਪਣੀ ਦੱਸੀ ਉੱਤੇ ਜਲਦੀ ਅਮਲ ਕਰਨ ਦੀ ਸਲਾਹ ਦਿੰਦੀ) ਫੇਰ ਤੁਸੀਂ ਪਾਧਾ ਨਾ ਪੁੱਛੋ! ਕੁੜੀ ਨੂੰ ਲੈ ਕੇ ਬਲਕਪੁਰੀਏ ਬਾਬੇ ਬਲਕਾਰ ਦਾਸ ਕੋਲ ਵੱਜੋ।"[8]

ਧਨਵੰਤ ਵਰਗੀਆਂ ਚਲਾਕ ਔਰਤ ਮੁਰਗੀ ਹੱਥੋਂ ਨਹੀਂ ਨਿੱਕਲ ਦੇਣਾ ਚਾਹੁੰਦੀਆਂ ਉਸ ਦਾ ਮੰਨਣਾ ਸੀ ਕਿ ਜਿੰਨੀ ਜਲਦੀ ਹੋ ਸਕੇ ਪੰਮੀ ਬਲਕਾਰਦਾਸ ਦੇ ਡੇਰੇ ਚੱਲੀ ਜਾਵੇ। ਬਲਕਾਰ ਦੇ ਰਾਹ ਕਹੇ ਦੀ ਗਿਣਤੀ ਵਿੱਚ ਵਾਧਾ ਹੋਵੇ। ਉਹ ਤਾਂ ਇਥੋਂ ਤੱਕ ਆਖਦੀ ਹੈ ਕਿ ਬਲਕਾਰ ਦਾਸ ਨੂੰ ਮੈਂ ਤੁਹਾਡੇ ਘਰ ਵੀ ਲਿਆ ਸਕਦੀ ਹਾਂ।

ਫੇਰ ਨਾਟਕ ਦੀ ਕਹਾਣੀ ਪਾਸਾ ਵੱਟਦੀ ਹੈ ਜਦੋਂ ਪੰਮੀ ਦਾ ਪੜ੍ਹਿਆ-ਲਿਖਿਆ ਤਰਕਸ਼ੀਲ ਵਿਚਾਰਾਂ ਨੂੰ ਮੰਨਣ ਵਾਲਾ ਫੋਜੀ ਬਲਵਿੰਦਰ ਆਉਂਦਾ ਹੈ। ਉਹ ਇਸ ਗੱਲ ਤੋਂ ਖ਼ਫਾ ਹੈ ਕਿ ਪੰਮੀ ਨੂੰ ਸਾਧਾਂ ਸਿਆਣਿਆਂ ਕੋਲ ਕਿਉਂ ਲੈ ਕੇ ਗਏ ਤਰਕਸ਼ੀਲ ਕੋਲ ਕਿਉਂ ਨਹੀਂ ਗਏ।

ਬਲਵਿੰਦਰ ਫੌਜੀ ਤਰਕਸ਼ੀਲ ਆਗੂ ਰਾਜਪਾਲ ਦੇ ਸੋਮਪਾਲ ਨੂੰ ਮਿਲਦਾ ਹੈ। ਤਰਕਸ਼ੀਲ ਮੈਂਬਰ ਉ ਘਰ ਲਿਆਂਦਾ ਜਾਂਦਾ ਹੈ।

ਰਾਜਪਾਲ ਤੇ ਸੋਮਪਾਲ ਸਾਰੇ ਪਰਿਵਾਰ ਨੂੰ ਕਈ ਤਰ੍ਹਾਂ ਦੇ ਸਵਾਲ ਕਰਦੇ ਹਨ। ਉਨ੍ਹਾਂ ਦੇ ਸੁਆਲਾਂ ਵਿਚੋਂ ਹੀ ਫਰਕ ਫੜ ਲਏ ਜਾਂਦੇ ਹਨ। ਤਰਕਸ਼ੀਲ ਦੀ ਕਿਉਂ? ਤੇ ਕਿਵੇਂ? ਦੇ ਸਿਧਾਂਤ ਤੇ ਚੱਲ ਕੇ ਗੱਲਾਂ ਬਾਤਾਂ ਵਿਚੋਂ ਜਿਉਂਦੀ ਭੂਤ ਫੜ ਲੈਂਦੇ ਹਨ।

ਸਾਰੀ ਗੱਲਬਾਤ ਵਿੱਚੋਂ ਓਹਨਾ ਨੂੰ ਸ਼ੱਕ ਪੰਮੀ ਤੇ ਹੀ ਹੁੰਦਾ ਹੈ। ਪੰਮੀ ਨੂੰ ਹਿਪਨੋਟਾਇਜ਼ ਕੀਤਾ ਜਾਂਦਾ ਹੈ। ਪੰਮੀ ਆਪਣਾ ਸਾਰਾ ਭੇਦ ਸਾਂਝਾ ਕਰਦੀ ਹੈ ਕਿ ਉਸ ਨੂੰ ਪੜ੍ਹਾਉਣ ਦੀ ਬਜਾਏ ਘਰ ਬਿਠਾਇਆ ਜਾਂਦਾ ਹੈ ਸਗੋਂ ਭਰਾ ਸਕੂਲ ਲਗਾ ਦਿੱਤਾ ਜਾਂਦਾ ਹੈ। ਇਸ ਖਿਝ ਵਿਚ ਉਹ ਇਹ ਘਟਨਾਵਾਂ ਕਰਨੀਆਂ ਸ਼ੁਰੂ ਕਰ ਦਿੰਦੀ ਹੈ। ਉਹ ਨਾਟਕ ਦੇ ਸ਼ੁਰੂ ਵਿੱਚ ਇਸ ਗੱਲ ਦਾ ਸੰਕੇਤ ਦਿੰਦੀ ਹੈ ਜਦੋਂ ਕਹਿੰਦੀ ਹੈਂ ਮੇਰੇ ਸੁਫ਼ਨਿਆਂ ਨੂੰ ਮਲੀਆਮੇਟ ਕਰਨ ਵਾਲਿਓ ਮੈਂ ਵੀ ਤੁਹਾਨੂੰ ਸਬਕ ਸਿਖਾ ਕੇ ਦਮ ਲਵਾਂਗੀ।

ਇਸੇ ਨਫਰਤ ਵਿਚ ਪੰਮੀ ਘਰ ਦਾ ਮਾਹੌਲ ਵਿਗਾੜ ਦਿੰਦੀ ਹੈ। ਅਜਮੇਰ ਸਿੰਘ ਔਲਖ ਨੇ ਇਹ ਨਾਟਕ ਅਨੇਕਾਂ ਤਰਕਸ਼ੀਲ ਕਿਤਾਬਾਂ ਨੂੰ ਆਧਾਰ ਬਣਾ ਕੇ ਲਿਖਿਆ। ਕਈ ਕੇਸ ਰਿਪੋਰਟਾਂ ਇਸ ਨਾਟਕ ਵਿੱਚ ਆਉਂਦੀਆਂ ਹਨ। ਨਾਟਕਕਾਰ ਨੇ ਉਹ ਸਾਰੇ ਕੇਸ ਨਾਟਕ ਵਿੱਚ ਸਮੇਟਣ ਦੀ ਕੋਸ਼ਿਸ਼ ਕੀਤੀ ਹੈ ਜੋ ਤਰਕਸ਼ੀਲ ਆਗੂਆਂ ਦੇ ਕੇਸ ਰਾਹੀ ਉਹਨਾਂ ਦਾ ਹੱਲ ਕੱਢਣ ਦਾ ਯਤਨ ਕੀਤਾ ਹੈ।

ਸਾਰੇ ਕੇਸ ਨੂੰ ਤਰਕਸ਼ੀਲ ਦ੍ਰਿਸ਼ਟੀ ਨਾਲ ਸਮਝ ਕੇ ਉਸਦਾ ਨਿਪਟਾਰਾ ਰਾਜਪਾਲ ਤੇ ਸੋਮਪਾਲ ਵੱਲੋਂ ਕੀਤਾ ਜਾਂਦਾ ਹੈ। ਕਿਉਂਕਿ ਪੰਮੀ ਡਾਕਟਰ ਬਣਨਾ ਚਾਹੁੰਦੀ ਸੀ ਪਰ ਉਸ ਦੀ ਪੜ੍ਹਾਈ ਬੰਦ ਕਰਵਾ ਕੇ ਘਰ ਬਿਠਾ ਦਿੱਤਾ ਜਾਂਦਾ ਹੈ। ਅੰਤ ਤਰਕਸ਼ੀਲ ਆਗੂਆਂ ਵੱਲੋਂ ਇਸ ਬਿਮਾਰ ਦਾ ਹੱਲ ਲੱਭ ਕੇ ਪੰਮੀ ਨੂੰ ਅੱਗੋਂ ਤੋਂ ਇਹ ਕੁਝ ਨਾ ਕਰਨ ਦੀ ਜ਼ਿੰਮੇਵਾਰੀ ਲੈ ਕੇ ਤੇ ਉਸ ਦੀ ਡਾਕਟਰੀ ਦੀ ਪੜ੍ਹਾਈ ਜਾਰੀ ਕਰਵਾ ਕੇ ਕੇਸ ਦਾ ਹੱਲ ਕੀਤਾ ਜਾਂਦਾ ਹੈ। ਸ਼ਰਨੀ ਤਰਕਸ਼ੀਲ ਨੂੰ ਚਾਨਣ ਦੇ ਵਣਜਾਰੇ ਕਹਿੰਦੀ ਹੈ ਅਤੇ ਨਿਮਨ ਲਿਖਤ ਗੀਤ ਗਾਉਂਦੀ ਹੈ।

ਸ਼ਰਨੀ:....

ਇਹ ਚਾਨਣ ਦੇ ਚੰਗਿਆਰੇ!!

ਚਾਨਣ ਦੇ ਵਣਜਾਰੇ ਨੀ

ਇਹ ਚਾਨਣ ਦੇ ਵਣਜਾਰੇ ਚਾਨਣ ਦੇ..."[9]

## ਹਵਾਲੇ :

1. ਅਜਮੇਰ ਸਿੰਘ ਔਲਖ : ਬਗਾਨੇ ਬੋਹੜ ਦੀ ਛਾਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1997, ਪੰਨਾ 52
2. ਉਹੀ, ਪੰਨਾ 62
3. ਉਹੀ, ਮੇਰੇ ਸਾਰੇ ਪੂਰੇ ਨਾਟਕ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2015, ਪੰਨਾ 163
4. ਉਹੀ, ਪੰਨਾ 166
5. ਉਹੀ, ਪੰਨਾ 172
6. ਉਹੀ, ਪੰਨਾ 175
7. ਉਹੀ, ਪੰਨਾ 181
8. ਉਹੀ, ਪੰਨਾ 182
9. ਉਹੀ, ਪੰਨਾ 233-34